# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੁਆਰਾ ਵਿਸ਼ਾਲ ਸਮਾਗਮ (ਯੂਥ ਫੈਸਟੀਵਲ) ਦਾ ਆਯੋਜਨ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾਂ ਦੁਆਰਾ ਦੋ ਦਿਨਾਂ ਧਮਾਕੇਦਾਰ ਯੂਥ ਫੈਸਟੀਵਲ ਦਾ ਆਗਾਜ਼ ਡਾ: ਜਸਕਰਨ ਸਿੰਘ ਭੁੱਲਰ(ਪ੍ਰਿੰਸੀਪਲ ਮਿਮਿਟ, ਮਲੋਟ) ਅਤੇ ਪ੍ਰੋਫੈਸ਼ਰ ਭੁਪਿੰਦਰ ਪਾਲ ਸਿੰਘ ਧੋਤ(ਡਾਇਰੈਕਟਰ ਸਪੋਰਟਸ ਅਤੇ ਯੂਥ ਵੈਲਫੇਅਰ,ਮਰਸਪਟਯ,ਬਠਿੰਡਾ) ਦੀ ਯੋਗ ਅਗਵਾਈ ਹੇਠ ਮਿਮਿਟ, ਮਲੋਟ ਵਿਖੇ ਕੀਤਾ ਗਿਆ।

ਉਦਘਾਟਨ ਸਮਾਰੋਹ ਦੇ ਮੁੱਖ ਮਹਿਮਾਨ ਸ. ਤਜਿੰਦਰ ਸਿੰਘ ਮਿੱਡੂਖੇੜਾ, ਚੇਅਰਮੈਨ (ਪ੍ਰਾਇਮਰੀ ਐਗਰੀਕਲਚਰ ਡਿਵੈਲਪਮੈਂਟ ਬੈਂਕ) ਅਤੇ ਸਨਮਾਨੀਯ ਮਹਿਮਾਨ ਪ੍ਰੋਫੈਸ਼ਰ ਭੁਪਿੰਦਰ ਪਾਲ ਸਿੰਘ ਧੋਤ ਸਨ। ਸਮਾਰੋਹ ਦੇ ਜੱਜ ਸਾਹਿਬਾਨ ਦੇ ਤੌਰ ਤੇ ਡਾ. ਅਮਲਾ ਸ਼ਰਮਾ, ਵਿਭਾਗੀ ਮੁਖੀ ਸੰਗੀਤ (ਗੌਰਮਿੰਟ ਰਾਜਿੰਦਰਾ ਕਾਲਜ, ਬਠਿੰਡਾ) ਅਤੇ ਸ. ਲਾਭ ਸਿੰਘ ਸਾਧੂ (ਲੇਖਕ ਅਤੇ ਆਡੀਟਰ) ਨੇ ਇਸ ਯੂਥ ਫੈਸਟੀਵਲ ਵਿੱਚ ਸ਼ਿਰਕਤ ਕੀਤੀ।

ਸਮਾਰੋਹ ਦੀ ਸੁਰੂਆਤ ਸ਼ਬਦ ਗਾਇਨ ਨਾਲ ਆਰੰਭ ਕੀਤੀ ਗਈ ਅਤੇ ਹੋਰਨਾਂ ਇਵੈਂਟਸ ਜਿਵੇ ਕਿ ਗਰੁੱਖ ਡਾਂਸ, ਲੜਕੀਆਂ ਦਾ ਪੰਜਾਬੀ ਲੋਕ ਨਾਚ, ਮਿਮਿਕਰੀ ਆਦਿ ਦੀ ਪ੍ਰਸਤੁਤੀ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ ਗਿਆ। ਡਾਂਸ ਸ੍ਰੇਣੀ ਵਿੱਚ 4 ਮੁਕਾਬਲੇ ਕਰਵਾਏ ਗਏ ਜਿਸ ਵਿੱਚ ਲਾਈਟ ਵੋਕਲ ਇੰਡੀਅਨ ਸੋਲੋ, ਕਲਾਸੀਕਲ ਵੋਕਲ ਸੋਲੋ, ਕਲਾਸੀਕਲ ਸੋਲੋ, ਕਲਾਸੀਕਲ ਇੰਸਟੈਂਟ ਸੋਲੋ ਆਦਿ ਡਾਂਸ ਸ਼ਾਮਲ ਸਨ ਅਤੇ ਡਿਬੇਟ, ਕਵਿਤਾ ਗਾਇਣ ਅਤੇ ਨਿਬੰਧ ਲੇਖਣ, ਕਹਾਣੀ ਲੇਖਣ ਅਤੇ ਕਵਿਤਾ ਲੇਖਣ ਆਦਿ ਮੁਕਾਬਲਿਆਂ ਨੇ ਸਾਹਿਤਕ ਸ੍ਰੇਣੀ ਦੀ ਝਲਕ ਪੇਸ਼ ਕੀਤੀ। ਫਾਈਨ ਆਰਟਸ ਦੇ ਮੁਕਾਬਿਲਆਂ ਦੀ ਸ੍ਰੇਣੀ ਵਿੱਚ, ਮਹਿੰਦੀ, ਰੰਗੋਲੀ, ਕੋਲਾਜ ਮੇਕਿੰਗ ਅਤੇ ਕਲੇ-ਮਾਡਲਿੰਗ ਆਦਿ ਇਵੈਂਟਸ ਕਰਵਾਏ ਗਏ।

ਕਵਿਤਾ ਗਾਇਣ, ਲੜਕੀਆਂ ਦੇ ਪੰਜਾਬੀ ਲੋਕ ਨਾਚ ਅਤੇ ਆਨ ਦ ਸਪਾਟ ਪੇਂਟਿੰਗ ਮੁਕਾਬਲੇ ਵਿੱਚ ਮਿਮਿਟ, ਮਲੋਟ ਕਾਲਜ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਮਹਿੰਦੀ ਅਤੇ ਰੰਗੋਲੀ ਮੁਕਾਬਲਿਆਂ ਵਿੱਚ ਉਨਾਂ ਦੂਸਰਾ ਸਥਾਨ ਹਾਸਿਲ ਕੀਤਾ।

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜ: ਐਂਡ ਟੈਕਨਾਲੋਜੀ, ਬਠਿੰਡਾ ਨੇ ਰੰਗੋਲੀ ਬਣਾਉਣ ਦੇ ਮੁਕਾਬਲੇ ਵਿੱਚ ਪਹਿਲਾ ਅਤੇ ਪੰਜਾਬੀ ਲੋਕ ਨਾਚ (ਲੜਕੀਆਂ), ਆਨ ਦ ਸਪਾਟ ਪੇਂਟਿੰਗ ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ।

SVIET, Banur ਨੇ ਮਹਿੰਦੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਗਰੁੱਪ ਗਾਇਣ ( ਸ਼ਬਦ ਅਤੇ ਭਜਨ) ਮੁਕਾਬਲੇ ਵਿੱਚ ਬਾਬਾ ਫਰੀਦ ਕਾਲਜ ਆਫ ਇੰਜ: ਐਂਡ ਟੈਕਨਾਲੋਜੀ ਨੇ ਪਹਿਲਾ ਅਤੇ ਰੰਗੋਲੀ ਅਤੇ ਮਹਿੰਦੀ ਮੁਕਾਬਲਿਆਂ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ।

YS College ,Handiaya ਨੇ ਗਰੁੱਪ ਗਾਇਣ-ਇੰਡੀਅਨ ਸ੍ਰੇਣੀ ਵਿੱਚ ਪਹਿਲਾ ਅਤੇ ਸ਼ਬਦ ਅਤੇ ਭਜਨ ਗਾਇਣ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ।

BBSBEC, ਫਤਿਹਗੜ੍ਹ ਸਾਹਿਬ ਨੇ ਗਰੁੱਪ ਗਾਇਣ-ਇੰਡੀਅਨ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। AERS , Aklia ਕਾਲਜ ਨੇ ਕਵਿਤਾ ਗਾਇਣ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ।

ਡਾ: ਜਸਕਰਨ ਸਿੰਘ ਭੁੱਲਰ(ਪ੍ਰਿੰਸੀਪਲ ਮਿਮਿਟ, ਮਲੋਟ) ਨੇ ਇਸ ਵਿਸ਼ਾਲ ਸਮਾਗਮ ਦੇ ਯੋਗ ਪ੍ਰਬੰਧਾਂ ਲਈ ਡਾ. ਇਕਬਾਲ ਸਿੰਘ ਕੋਆਰਡੀਨੇਟਰ ਅਤੇ ਕੋ-ਕੋਆਰਡੀਨੇਟਰ ਮਿ: ਮੋਹਿਤ ਅਰੋੜਾ ਨੂੰ ਵਧਾਈ ਦਿੱਤੀ।

ਪ੍ਰੋਫੈਸ਼ਰ ਮੋਹਨ ਪਾਲ ਸਿੰਘ ਈਸ਼ਰ, ਉੱਪ ਕੁੱਲਪਤੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੇ ਸਮੂਹ ਕੋਆਰਡੀਨੇਟਰਜ ਅਤੇ ਸਮਾਰੋਹ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆ ਨੂੰ ਆਪਣੀਆ ਸ਼ੁੱਭ ਇੱਛਾਵਾ ਭੇਜੀਆਂ ਅਤੇ ਨਾਲ ਹੀ ਸਮੂਹ ਪ੍ਰਬੰਧਕਾ ਨੂੰ ਇਸ ਫੈਸਟੀਵਲ ਦੇ ਢੁੱਕਵੇਂ ਪ੍ਰਬੰਧਾ ਲਈ ਸਰਾਹਿਆ।

ਪ੍ਰੋਫੈਸ਼ਰ ਜਸਬੀਰ ਸਿੰਘ ਹੁੰਦਲ, ਰਜਿਸਟਰਾਰ ਮਰਸਪਟਯ, ਬਠਿੰਡਾ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਸਮਾਰੋਹ ਵਿੱਚ ਹਿੱਸਾ ਲੈਣ ਲਈ ਵਧਾਈ ਦਿੱਤੀ ਅਤੇ ਅੱਗੇ ਵੀ ਉਹਨਾਂ ਨੂੰ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਵਧ ਚੜ੍ਹਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।